ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

**There is One Supreme Power whose Sound creates everything; Named the Truth; Creative Power within all; Fearless; Without hate; Timeless; Beyond cycle of life; Self-existing Light; the Giver of Wisdom & Grace.**

ikk o’ann-kaar, sat, naam, kar’taa purakh, nir’bhau, nir’vair, a’kaal moo’rat, a’joo-nee, sai’bhunn, gur prasaad.

# ॥ ਜਪੁ ॥

***Jap* ('Meditation')**

**Name of the *Bani* (Holy Writing)**

. jap .

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

**Vaheguru! You're the Truth existing from the start of Time, now & in the future. ||1||**

aad sach, ju'gaad sach.
hai bhee sach; naa'nak, ho'see bhee sach.

ਸੋਚੈ ਸੋਚਿ ਨ ਹੋਵਈ
ਜੇ ਸੋਚੀ ਲਖ ਵਾਰ ॥

**The mind is not cleaned by cleaning the body, even if done thousands of times.**

soch'ai, soch na ho'vayee;
jey soch'ee[n] lakh vaar.

ਚੁਪੈ ਚੁਪ ਨ ਹੋਵਈ
ਜੇ ਲਾਇ ਰਹਾ ਲਿਵ ਤਾਰ ॥

**The mind doesn’t become quiet by silence, even if in one sits in a meditation pose.**

chup’ai, chup na ho’vayee;
jey laa’e rahaa$^{n}$ liv taar.

ਭੁਖਿਆ ਭੁਖ ਨ ਉਤਰੀ
ਜੇ ਬੰਨਾ ਪੁਰੀਆ ਭਾਰ ॥

**The mind's hunger doesn't go by staying hungry nor by collecting lots of things.**

bhukh'yaa$^{n}$, bhukh na ut'ree;
jey bann'aa puree'aa$^{n}$ bhaar.

ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ ॥

**Knowing thousands of worldly things, not even one will go with the soul after death.**

sahas siyaaN’paa$^{n}$ lakh ho’eh,
ta ikk na chall’ai naal.

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥

**So how I can break down the wall of untruth within so I can become the Truth?**

kiv, sach’yaaraa hoee’yai;
kiv, koo’Rai tutt’ai paal.

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥੧॥

**The answer is: flow along happily with the Law of the Universe written for you. ||1||**

hukam razaa'ee chal'Naa;
naa'nak, likh'yaa naal.

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ ॥

**As the Commander incharge, You create all. Your special Law is indescribable.**

huk'mee ho'van aa'kaar;
hukam, na keh'yaa jaa'ee.

ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ ॥

**Souls are created & get the great gift of life as per Your special Law.**

huk'mee hovan jee[a];
hukam mill'ai vad-yaa'ee.

ਹੁਕਮੀ ਉਤਮੁ ਨੀਚੁ
ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

**It's Your Law that our recorded actions make us high & low or feel pain & pleasure.**

huk'mee u'tum neech;
hukam likh, dukh sukh paaee'eh.

ਇਕਨਾ ਹੁਕਮੀ ਬਖਸੀਸ
ਇਕਿ ਹੁਕਮੀ ਸਦਾ ਭਵਾਈਅਹਿ ॥

**Some are blessed with understanding & whilst others remain wandering aimlessly.**

ikk'naa huk'mee bakh'sheesh;
ikk huk'mee sad'aa bhavaaee'eh.

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ ॥

**Everything is within Your special Law, and no one escape it.**

huk'mai ann'dar sabh ko;
baa'har hukam na ko'e.

ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥੨॥

**Guru Ji says: if someone understands Your Law then they don't speak with ego. ||2||**

naa'nak, huk'mai jey bujh'ai;
ta hou'mai, keh'ai na ko'e.

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥

**If they can, some sing of Your Power & some sing of Your Gifts & see them as signs.**

gaa'vai ko taaN; ho'vai kis'ai taaN.
gaa'vai ko; daat jaa'Nai nee'shaaN.

ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

**Some sing of Your great qualities & some sing after learning through difficult study.**

gaa'vai ko; guN, vad-yaaee'aa$^{n}$ chaar.
gaa'vai ko; vid'yaa, vikham vee'chaar.

ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥

**Some sing that making the body You turn it to dust & some sing You take & restore life.**

gaa'vai ko; saaj, karey tan khey'h.
gaa'vai ko; jee[a] lai fer dey'h.

ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥

**Some sing that You seem far away & some sing that You are real close watch over us.**

gaa'vai ko; jaa'pai, diss'ai door.
gaa'vai ko; vey'khai, haa'daraa hadoor.

ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

**There's no shortage of people who speak of You. Millions have described You.**

kath'naa kathee; na aa'vai thott.
kath kath kath'ee; kottee$^{n}$ kott kott.

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥

**You keep giving & receiving we get tired.**
**Throughout time, we eat what You give.**

dey'n-daa dey; lain'dey thakk paa'eh.
jug'aa$^{n}$ jugann'tar; khaa'hee khaa'eh.

ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

**As the Law Maker, Your orders directs the creation. You are happy & stress-free. ||3||**

huk'mee; hukam chalaa'ey raah.
naa'nak; vig'sai vey'par-vaah.

ਸਾਚਾ ਸਾਹਿਬੁ ਸਾਚੁ ਨਾਇ
ਭਾਖਿਆ ਭਾਉ ਅਪਾਰੁ ॥

**The True Master exists in its True Name & speaks using the language of endless love.**

saa'<u>ch</u>aa saa'hib, saa<u>ch</u> naa'e;
<u>bh</u>aa'<u>kh</u>iyaa <u>bh</u>aa'o a'paar

ਆਖਹਿ ਮੰਗਹਿ ਦੇਹਿ ਦੇਹਿ
ਦਾਤਿ ਕਰੇ ਦਾਤਾਰੁ ॥

**People pray & beg "Please give to us" & as the Great Giver, You provide for all.**

aakh'eh, mann'geh; deh deh;
daat karey daa'taar.

ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ॥

**So, what can we offer to You, so that Your special court can be seen?**

fey'r, ke ag'gai rakhee'yai;
jit diss'ai dar'baar.

ਮੁਹੋਂ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ ॥

**What words should we say that creates love when You hear it?**

mu’ho$^{n}$, ke bo’laN bolee’yai;
jit suN Dhar’ey piyaar.

ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ ॥

**The answer is: To chant the True Name & reflect Your greatness during *Amrit-Vela*.**

amm'rit vey'laa sach naa'o;
vad-yaa'ee vee'chaar.

ਕਰਮੀ ਆਵੈ ਕਪੜਾ
ਨਦਰੀ ਮੋਖੁ ਦੁਆਰੁ ॥

**With Your blessings we get this body &with Your kindness we reach the ultimate goal.**

kar'mee aa'vai kap'Raa;
nad'ree mokh du'aar.

ਨਾਨਕ ਏਵੈ ਜਾਣੀਐ
ਸਭੁ ਆਪੇ ਸਚਿਆਰੁ ॥੪॥

**Understanding this, one sees You, the True One, being present everywhere. ||4||**

naa’nak, ey’vai$^{n}$ jaaNee’yai;
sabh aa’pey sach’yaar.

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥

**You cannot be created nor installed like an idol, as You are beyond material existence.**

thaa'piyaa na jaa'e; kee'taa na ho'e.
aa'pey aap; nirunn'jan so'e.

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥

**Serving You brings respect. Guru Ji says: so, let's sing of the Treasure of goodness.**

jin sey'viyaa; tin paa'yaa maan.
naa'nak; gaa-vee'yai guN'ee ne'Dhaan.

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

**Singing & listening with a loving heart,
makes pain go away & peace come home.**

gaavee'yai, suNee'yai; man rakhee'yai bhaa'o.
dukh par'har; sukh ghar lai jaa'e.

ਗੁਰਮੁਖਿ ਨਾਦੰ ਗੁਰਮੁਖਿ ਵੇਦੰ
ਗੁਰਮੁਖਿ ਰਹਿਆ ਸਮਾਈ ॥

***Gurbani* is the special Sound & Knowledge, through which You are seen everywhere.**

gur'mukh naa'dunn, gur'mukh vey'dunn; gur'mukh, reh'yaa samaa'ee.

ਗੁਰੁ ਈਸਰੁ ਗੁਰੁ ਗੋਰਖੁ ਬਰਮਾ
ਗੁਰੁ ਪਾਰਬਤੀ ਮਾਈ ॥

**As Guru, You are the 'Destroyer,' 'Provider', 'Creator', 'Nurturer' & 'Giver of Knowledge.'**

gur ee'shar, gur goh'rakh bar'maa;
gur paar'batee maa'ee.

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ ॥

**Even if I were to experience You, it cannot be described as its beyond description.**

jey hou jaa’Naa, aa’khaa$^n$ naa’hee$^n$;
keh’Naa kathan na jaa’ee.

ਗੁਰਾ ਇਕ ਦੇਹਿ ਬੁਝਾਈ ॥

**As my Guru, make me realise one thing:**

gur'aa; ikk dey'h bujhaa'ee.

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੫॥

**that I never forget that You are the One Great Giver who provides for all! ||5||**

sabh’naa jee’aa$^{n}$ kaa ikk daa’taa;
so mai, vissar na jaa’ee.

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ ॥

**I would bathe at sacred places if it pleased You, but there’s no point if You’re not pleased.**

tee’rath naa’vaa$^{n}$, jey tis bhaa’vaa$^{n}$;
viN bhaa’Ney, ke naa’e karee.

ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ ॥

**Look around the world - what good can be achieved without good actions?**

jey'tee siratth, u'paa-ee vey'khaa$^{n}$;
viN kar'maa, ke mill'ai leyee.

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥

**Within us are jewels of wisdom to make us good, found by listening to the one Guru.**

mat vich, ratan javaa'har maa'Nik;
jey ikk gur kee sikh suN'ee.

ਗੁਰਾ ਇਕ ਦੇਹਿ ਬੁਝਾਈ ॥

**As my Guru, make me realise one thing:**

gur'aa; ikk dey'h bujhaa'ee.

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੬॥

**that I never forget that You are the One Great Giver who provides for all! ||6||**

sabh'naa jee'aa$^n$ kaa ikk daa'taa;
so mai, vissar na jaa'ee.

ਜੇ ਜੁਗ ਚਾਰੇ ਆਰਜਾ
ਹੋਰ ਦਸੂਣੀ ਹੋਇ ॥

**Imagine if someone could live as long as all the periods of history, or ten times more.**

jey jug <u>ch</u>aa'rey aar'jaa;
hor <u>d</u>asoo'nee ho'e.

ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ ॥

**Imagine they were known throughout all the continents and followed by all.**

navaa$^{n}$ khann'daa vich jaaNee'yai;
naal chall'ai, sabh ko'e.

ਚੰਗਾ ਨਾਉ ਰਖਾਇ ਕੈ
ਜਸੁ ਕੀਰਤਿ ਜਗਿ ਲੇਇ ॥

**Imagine they had a good reputation, fame & praised throughout the world.**

chann'gaa naa'o rakhaa'e kai;
jass kee'rat, jag ley'e.

ਜੇ ਤਿਸੁ ਨਦਰਿ ਨ ਆਵਈ
ਤ ਵਾਤ ਨ ਪੁਛੈ ਕੇ ॥

**But, without Your kind blessings no one would care about such a person.**

jey tis, nadar na aa'vayee;
ta vaat na puchh'ai key.

ਕੀਟਾ ਅੰਦਰਿ ਕੀਟੁ ਕਰਿ
ਦੋਸੀ ਦੋਸੁ ਧਰੇ ॥

**Those accused of not being grateful are considered small amongst small people.**

kee'ttaa ann'dar, keett kar;
doshee, dosh Dharey.

ਨਾਨਕ ਨਿਰਗੁਣਿ ਗੁਣੁ ਕਰੇ
ਗੁਣਵੰਤਿਆ ਗੁਣੁ ਦੇ ॥

**But You can bless even the small ungrateful people with the quality of being grateful.**

naa'nak, nir'guN guN karey;
guN-vann'tiyaa, guN dey.

ਤੇਹਾ ਕੋਇ ਨ ਸੁਝਈ
ਜਿ ਤਿਸੁ ਗੁਣੁ ਕੋਇ ਕਰੇ ॥੭॥

**There is no one else like You, who can make someone good. ||7||**

tey’haa, ko’e na su’jhayee;
je tis guN ko’e karey.

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥

**By deep listening, comes knowledge of miracle workers, holy men, Yogis & how the earth & sky are held comes.**

suN'yai; siDh peer sur naath.
suN'yai; Dharat Dhaval aa'kaash.

ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥

**By deep listening, comes knowledge of continents, planets & under-worlds & one is untouched by Death.**

suN'yai; deep lo[a] paa'taal.
suN'yai; po'eh na sakk'ai kaal.

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥

**By listening, Your followers stay forever happy with their pains & sins erased. ||8||**

naa’nak, bhag’taa$^{n}$; sadaa ve’gaas.
suN’yai; dookh paap kaa naas.

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖਿ ਸਾਲਾਹਣ ਮੰਦੁ ॥

**By deep devotional listening, comes knowledge about the different powers & the lowly begin praising You.**

suN'yai; ee'shar bar'maa inn'd.
suN'yai; mukh saa-laa'haN mann'd.

ਸੁਣਿਐ ਜੋਗ ਜੁਗਤਿ ਤਨਿ ਭੇਦ ॥

ਸੁਣਿਐ ਸਾਸਤ ਸਿਮ੍ਰਿਤਿ ਵੇਦ ॥

**By deep listening, one realises how to unite, mysteries of the body & the reality of the ancient scriptures.**

suN'yai; jo'g jugat tan bhey'd.

suN'yai; shaas't sim'rit vey'd.

ਨਾਨਕ ਭਗਤਾ ਸਦਾ ਵਿਗਾਸੁ ॥

ਸੁਣਿਐ ਦੂਖ ਪਾਪ ਕਾ ਨਾਸੁ ॥੯॥

**By listening, Your followers stay forever happy with their pains & sins erased. ||9||**

naa’nak, bhag’taa$^{n}$; sadaa ve'gaas.

suN’yai, dookh paap kaa naas.

ਸੁਣਿਐ ਸਤੁ ਸੰਤੋਖੁ ਗਿਆਨੁ ॥
ਸੁਣਿਐ ਅਠਸਠਿ ਕਾ ਇਸਨਾਨੁ ॥

**By deep devotional listening, one becomes giving, content, wise & gets the reward of bathing at different sacred places.**

suN'yai; sat sann'tokh giyaan.
suN'yai; atth'satth kaa ish'naan.

ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਜਿ ਧਿਆਨੁ ॥

**By deep listening, honour is obtained that others get after years of study, and the mind becomes still and aware.**

suN'yai; paR paR paa'veh maan.
suN'yai; laa'gai sehaj Dhiyaan.

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੧੦॥

**By listening, Your followers stay forever happy with their pains & sins erased. ||10||**

naa’nak, bhag’taa$^{n}$; sadaa ve’gaas.
suN’yai; dookh paap kaa naas.

ਸੁਣਿਐ ਸਰਾ ਗੁਣਾ ਕੇ ਗਾਹ ॥
ਸੁਣਿਐ ਸੇਖ ਪੀਰ ਪਾਤਿਸਾਹ ॥

**By deep devotional listening, one becomes an ocean of virtues & gets the respect of scholars, guides & kings.**

suN'yai; saraa guN'aa key gaah.
suN'yai; sh<u>ey'kh</u> peer paa<u>t</u>'<u>sh</u>aah.

ਸੁਣਿਐ ਅੰਧੇ ਪਾਵਹਿ ਰਾਹੁ ॥
ਸੁਣਿਐ ਹਾਥ ਹੋਵੈ ਅਸਗਾਹੁ ॥

**By deep devotional listening, the spiritually blind find the Way & the Unreachable comes within reach.**

suN'yai; ann'Dhey paa'veh raah.
suN'yai; haath ho'vai as'gaah.

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੧੧॥

**By listening, Your followers stay forever happy with their pains & sins erased. ||11||**

naa'nak, bhag'taa$^{n}$; sadaa ve'gaas.
suN'yai; dookh paap kaa naas.

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥

**Indescribable is the spiritual state of one who follows *Gurbani* – trying, one regrets.**

mann'ney kee gat; kehee na jaa'e.
jey ko keh'ai; pichh'ai pachhu-taa'e.

ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥

**No paper, pen, or writer can describe them.**
**One can only sit and reflect on their life.**

kaa'ga<u>d</u> kalam; na li<u>kh</u>aN'haar.
mann'ney kaa; beh karan vee'<u>ch</u>aar.

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

**Your Sound is such that it purifies us. But only the faithful understands this. ||12||**

ai'saa naam; nirunn'jan ho'e.
jey ko mann jaa'Nai; man ko'e.

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਣ ਕੀ ਸੁਧਿ ॥

**By following, one's awareness, thoughts & wisdom are lifted, & knowledge of all worlds is gained.**

mann'nai; surat ho'vai man buDh.
mann'nai; sagal bhavan kee suDh.

ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥

**By following, one is not shamed by bad desires & doesn’t have to go with the messengers of Death.**

mann’nai; mu’eh cho’taa$^{n}$ naa khaa’e.
mann’nai; jamm kai saath na jaa’e.

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

**Your Sound is such that it purifies us. But only the faithful understands this. ||13||**

ai'saa naam; nirunn'jan ho'e.
jey ko mann jaa'Nai; man ko'e.

ਮੰਨੈ ਮਾਰਗਿ ਠਾਕ ਨ ਪਾਇ ॥
ਮੰਨੈ ਪਤਿ ਸਿਉ ਪਰਗਟੁ ਜਾਇ ॥

**By following, one's path in life doesn't get blocked & one leaves the world with the highest honour.**

mann'nai; maarag tthaak na paa'e.
mann'nai; pat si'o par'gatt jaa'e.

ਮੰਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧੁ ॥

**By following, one doesn't swap & change religious paths & is fixed to the right path.**

mann'nai; magg na chall'ai pann'th.
mann'nai; Dharam sey'tee san-bann'Dh.

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥

**Your Sound is such that it purifies us. But only the faithful understands this. ||14||**

ai'saa naam; nirunn'jan ho'e.
jey ko mann jaa'Nai; man ko'e.

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥

**By following, one get access to salvation & becomes a support for their family.**

mann'nai; paa'veh mokh du'aar.
mann'nai; par-vaa'rai saa'Dhaar.

ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥

**By following, one is saved, saves others with Guru's wisdom & never does begging.**

mann'nai; tar'ai taa'rey gur sikh.
mann'nai; naa'nak, bhau'eh na bhikh.

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

**Your Sound is such that it purifies us. But only the faithful understands this. ||15||**

ai'saa naam; nirunn'jan ho'e.
jey ko mann jaa'Nai; man ko'e.

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥

**Such great people are accepted, considered great, & gain respect in Your Court.**

pann'ch par'vaaN; pann'ch par'Dhaan.
pann'chey paa'veh; dar'geh maan.

ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥

**Such great people look beautiful in Your royal court & their one focus is *Gurbani*.**

pann'chey soh'eh; dar raa'jaan.
pann'chaa kaa; gur ey'k Dhiyaan.

ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥

**If one reflects & describes You, still it isn't possible to count all the things You do.**

jey ko keh'ai; karai vee'chaar.
kar'tey kai kar'Nai; naa'hee shu'maar.

ਧਉਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

**Your special Law based on kindness holds the world, not a made-up story of a bull, & everything is patiently linked together.**

Dhou'l Dharam; dayaa kaa poot.
sann'tokh thaap rakh'yaa; jin soot.

ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥

**Understanding this one finds the truth. Others think how much weight the made-up bull would have to hold!**

jey ko bujh'ai; ho'vai sach'yaar.
Dhav'lai u'par; key'taa bhaar.

ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

**There are many more planets. Think, which special power holds all their weight?**

Dhar'tee hor, par'ai hor hor.
tis tey bhaar; tall'ai kavaN jor.

ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥

**The accounts of all different living beings is written by Your flowing pen of justice.**

jee[a] jaat; rann'gaa key naav.
sabh'naa likh'yaa; vuRee kalaam.

ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥

**Even if some knew how to write it, just imagine how long such a writing would be!**

ey'hu ley'khaa; likh jaa'Nai ko'e.
ley'khaa likh'yaa; key'taa ho'e.

ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕਉਣੁ ਕੂਤੁ ॥

**Your power and beauty is endless! Who can estimate the endlessness of Your gifts!**

key'taa taaN; su'aa-lihu roop.
key'tee daat; jaa'Nai kouN koot.

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

**Creation began from One Vibration, that made thousands of rivers of life flow.**

kee'taa pasaa'o; ey'ko kavaa'o.
tis tey ho'e; lakh daree-aa'o.

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

**How can I describe these wonders? My admiration can’t be captured in one go!**

kud’rat kavaN; kahaa vee’chaar.
vaar’yaa na jaa’vaa$^{n}$; ey’k vaar.

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੬॥

**Whatever pleases You is good. (Nothing is permanent,) You alone stay forever. ||16||**

jo tuDh bhaa'vai; saa'ee bhallee kaar.
too sadaa salaamat; nirunn'kaar.

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪ ਤਾਉ ॥

**In the world there are countless who meditate, love, worship & devote to You.**

a'sankh jap; a'sankh bhaa'o.
a'sankh poo'jaa; a'sankh tap thaa'o.

ਅਸੰਖ ਗਰੰਥ ਮੁਖਿ ਵੇਦ ਪਾਠ ॥
ਅਸੰਖ ਜੋਗ ਮਨਿ ਰਹਹਿ ਉਦਾਸ ॥

**Countless read scriptures & countless *Yogis* detach their minds from the world.**

a'sankh grann'th; mukh vey'd paatth.
a'sankh jog; man reh'eh u'daas.

ਅਸੰਖ ਭਗਤ ਗੁਣ ਗਿਆਨ ਵੀਚਾਰ ॥
ਅਸੰਖ ਸਤੀ ਅਸੰਖ ਦਾਤਾਰ ॥

**Countless saints reflect on virtues & wisdom, live truthfully, and do charity.**

a'sankh bhagat; guN giyaan vee'chaar.
a'sankh satee; a'sankh daa'taar.

ਅਸੰਖ ਸੂਰ ਮੁਹ ਭਖ ਸਾਰ ॥
ਅਸੰਖ ਮੋਨਿ ਲਿਵ ਲਾਇ ਤਾਰ ॥

**Countless warriors fight face on in battle & sages remain in fixed in meditation.**

a'sankh soor; muh bhakh saar.
a'sankh mon; liv laa'e taar.

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

**How can I describe these wonders? My admiration can't be captured in one go!**

kud'rat kavaN; kahaa vee'chaar.
vaar'yaa na jaa'vaa$^{n}$; ey'k vaar.

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੭॥

**Whatever pleases You is good. (Nothing is permanent,) You alone stay forever. ||17||**

jo tuDh bhaa'vai; saaee bhallee kaar.
too sadaa salaamat; nirunn'kaar.

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥

**In the world there are countless fools who act blindly & thieves who take from others.**

a'sankh moo'rakh; ann'Dh ghor.
a'sankh chor; haraam'khor.

ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥

**Countless impose their will on others & kill innocent life by slitting throats.**

a'sankh amar; kar jaa'eh jor.
a'sankh gall-vaddh; hatiyaa kamaa'eh.

ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥

**Countless sinners commit sins, and countless liars wonder in falsehood.**

a'sankh paa'pee; paap kar jaa'eh.
a'sankh kooR'yaar; koo'Rey feraa'eh.

ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

**Countless uncivilised people eat filth & carry the burden of slandering others.**

a'sankh maley'shh; mall bhakh khaa'eh.
a'sankh ninn'dak; sir kar'eh bhaar.

ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

**Guru Ji says: I humbly describe the lowly.**
**My admiration can’t be captured in one go!**

naa’nak neech; keh’ai vee’chaar.
vaar’yaa na jaa’vaa$^{N}$; ey’k vaar.

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੮॥

**Whatever pleases You is good. (Nothing is permanent,) You alone stay forever. ||18||**

jo tuDh bhaa'vai; saa'ee bhallee kaar.
too sadaa sa'laa-mat; nirunn'kaar.

ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥

**In the world there are countless names, living places & unreachable realms.**

a'sankh naav; a'sankh thaav.
a'gamm a'gamm; a'sankh lo$^{a}$.

ਅਸੰਖ ਕਹਹਿ ਸਿਰਿ ਭਾਰੁ ਹੋਇ ॥

**One gets a heavy head describing the 'countless.'**

a'sankh keh'eh; sir bhaar ho'e

ਅਖਰੀ ਨਾਮੁ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥

**Through words one can meditate, appreciate, learn & sing Your praises.**

akh’ree naam; akh’ree saa’laah.
akh’ree giyaan; geet guN gaah.

ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥

**Through words one can write, talk, & read the destiny on one's forehead.**

akh'ree; likhan bo'laN baaN.
akh'raa sir; sann'jog vakhaaN.

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥
ਜਿਵ ਫੁਰਮਾਏ ਤਿਵ ਤਿਵ ਪਾਹਿ ॥

**But You, as the Writer of destinies, have no destiny, and give to all as You ordain.**

jin ey'eh likhey; tis sir naa'eh.
jiv fur-maa'ey; tiv tiv paa'eh.

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥

**Everything created has an identity. No place is without an identity.**

jey'taa kee'taa; tey'taa naa'o.
viN naa'vai; naa'hee ko thaa'o.

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

**How can I describe these wonders? My admiration can’t be captured in one go!**

kud’rat kavaN; kahaa vee’chaar.
vaar’yaa na jaa’vaa$^{n}$; ey’k vaar.

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੯॥

**Whatever pleases You is good. (Nothing is permanent,) You alone stay forever. ||19||**

jo tuDh bhaa'vai; saa'ee bhallee kaar.
too sadaa sa'laa-mat; nirunn'kaar.

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸਿ ਖੇਹ ॥

**When hands, feet & body are dirty, water is used to wash away the dirt.**

bharee'yai; hath pair tan dey'h.
paa'Nee Dho'tai; ut'ras khey'h.

ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥

**When clothes are soiled with urine, soap is used to wash them clean.**

moot paleetee; kapaR ho'e.
dey saa'booN; leyee'ai oh'hu Dho'e.

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

**When the mind is filled with sins, the Love for Your Name cleans it.**

bharee'yai mat; paa'paa kai sann'g.
oh'hu Dho'pai; naa'vai kai rann'g.

ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥

**‘Saint’ & ‘sinner’ are not just words. Our actions are noted & go with us at the end.**

punn’nee paa’pee; aa’khaN naa’eh.
kar kar kar’Naa; likh lai jaa’hu.

ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥੨੦॥

**We reap what we sow. Guru Ji says:**
**According to Your Law, we come & go. ||20||**

aa'pey beej; aa'pey hee <u>kh</u>aa'hu.
naa'nak, huk'mee; aa'vahu jaa'hu.

ਤੀਰਥੁ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥

**Pilgrimage, devotion, kindness, & charity themselves only bring short-lived reward.**

tee'rath tap; dayaa dat daan.
jey ko paa'vai; til kaa maan.

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥

**But, lovingly listening & following, is the cleansing bath within that rids one of filth.**

suN'yaa, mann'yaa; man kee'taa bhaa'o.
ann'tar-gat; tee'rath mall naa'o.

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

**Vaheguru! All virtues are Yours, not mine.**
**Without virtues, there's no loving worship.**

sabh guN tey'rey; mai naa'hee ko'e.
viN guN kee'tey; bhagat na ho'e.

ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥

**Hail to You! You're the world, Word, Creator, the Truth, beauty & ever giver joy.**

su'ast aath; baa'Nee bar-maa'o.
sat su'haaN; sad'aa man chaa'o.

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ ॥

**What was that special time and moment?**
**What was that special date and day?**

kavaN su vey’laa, vakhat kavaN;
kavaN thit, kavaN vaar.

ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ ॥

**What was that special season and month,
when the creation was created?**

kavaN se rut'ee, maah kavaN;
jit ho'aa aa'kaar.

ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ ॥

**It's unfound by the Hindu scholars; if they did, they would have written a book on it.**

vey'l, na paaee'yaa pann'd-tee;
je ho'vai ley'kh pu'raaN.

ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥

**It's unfound by the Quran scribes; if they did, they would have mentioned it.**

vakhat, na paa'yoh kaa-dee'yaa,
je, likhan ley'kh kuraaN.

ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ ॥

**The date & day are unfound by the Yogis, & no one knows which season or month.**

thit vaar, naa jogee jaa'Nai;
rut maah naa ko'ee.

ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ ॥

**The Creator who created the world alone knows when that time was.**

jaa kar'taa sir'tthee ko saa'jey;
aa'pey jaa'Nai so'ee.

ਕਿਵ ਕਰਿ ਆਖਾ ਕਿਵ ਸਾਲਾਹੀ
ਕਿਉ ਵਰਨੀ ਕਿਵ ਜਾਣਾ ॥

**How can we speak of You or praise You?**
**How can we describe & understand You?**

kiv kar aa'khaa, kiv saa'laahee;
ki'o var'nee, kiv jaa'Naa.

ਨਾਨਕ ਆਖਣਿ ਸਭੁ ਕੋ ਆਖੈ
ਇਕ ਦੂ ਇਕੁ ਸਿਆਣਾ ॥

**Guru Ji says: Thinking they are wiser than the rest, everyone speaks of You.**

naa'nak, aa'khaN sabh ko aa'khai;
ikk doo ikk siyaa'Naa.

ਵਡਾ ਸਾਹਿਬੁ ਵਡੀ ਨਾਈ
ਕੀਤਾ ਜਾ ਕਾ ਹੋਵੈ ॥

**Great are You & great is Your Name.**
**Whatever happens is by Your wishes.**

vad'daa saa'hib, vad'dee naa'ee;
kee'taa jaa kaa ho'vai.

ਨਾਨਕ ਜੇ ਕੋ ਆਪੌਂ ਜਾਣੈ
ਅਗੈ ਗਇਆ ਨ ਸੋਹੈ ॥੨੧॥

**Guru Ji says: Claiming to know everything doesn’t get you respect after death. ||21||**

naa’nak, jey ko aa’po$^{n}$ jaa’Nai;
ag’gai gayaa, na so’hai.

ਪਾਤਾਲਾ ਪਾਤਾਲ ਲਖ
ਆਗਾਸਾ ਆਗਾਸ ॥

**There are countless planets below this world & countless worlds beyond the skies.**

paa'taalaa paa'taal lakh;
aa'gaasaa aa'gaas.

ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ ॥

**The *Vedas* say one thing that people have got tired searching for all these worlds.**

oh'Rak oh'Rak, bhaal thak'key;
vey'd kehan ikk vaat.

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ ॥

**The Middle Eastern religious books talk of 18,000 worlds that all come from the One.**

sahas a'tthaareh, kehan katey'baa;
assu'loo ikk Dhaat.

ਲੇਖਾ ਹੋਇ ਤ ਲਿਖੀਐ
ਲੇਖੈ ਹੋਇ ਵਿਣਾਸੁ ॥

**Anyone trying to write about of this, would surely die before finishing writing about it.**

ley'khaa ho'e, ta likhee'yai;
ley'khai ho'e, ve'Naas.

ਨਾਨਕ ਵਡਾ ਆਖੀਐ
ਆਪੇ ਜਾਣੈ ਆਪੁ ॥੨੨॥

**Guru Ji says: Vaheguru! You are called Great! You Yourself truly know this. ||22||**

naa'nak, vad'daa aa'khee-yai;
aa'pey jaa'Nai aap.

ਸਾਲਾਹੀ ਸਾਲਾਹਿ

ਏਤੀ ਸੁਰਤਿ ਨ ਪਾਈਆ ॥

**Those who praise You, are still unaware of how truly great You are.**

saa'laahee saa-laa'eh;
ey'tee surat na paaee'yaa.

ਨਦੀਆ ਅਤੈ ਵਾਹ
ਪਵਹਿ ਸਮੁੰਦਿ ਨ ਜਾਣੀਅਹਿ ॥

**It is like streams & rivers flowing into the ocean not knowing how big the ocean is.**

nadee'aa a'tai vaah,
paveh samunn'd, na jaaNee'eh.

ਸਮੁੰਦ ਸਾਹ ਸੁਲਤਾਨ
ਗਿਰਹਾ ਸੇਤੀ ਮਾਲੁ ਧਨੁ ॥

**Someone may be big like a king with oceans of wealth & mountains of goods.**

samunn'd shaah sul'taan;
gir'haa sey'tee maal Dhan.

ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ ॥੨੩॥

**But there's nothing compared to someone who's small but never forgets You. ||23||**

kee'Ree tull na ho'vanee;
jey tis, man'hu na vee'sareh.

ਅੰਤੁ ਨ ਸਿਫਤੀ ਕਹਣਿ ਨ ਅੰਤੁ ॥
ਅੰਤੁ ਨ ਕਰਣੈ ਦੇਣਿ ਨ ਅੰਤੁ ॥

**Vaheguru! Your end cannot be found with praise, talk, actions or giving charity.**

ann’t na, sif’tee; kehaN, na ann’t.
ann’t na kar’Nai; dey’N, na ann’t.

ਅੰਤੁ ਨ ਵੇਖਣਿ  ਸੁਣਣਿ ਨ ਅੰਤੁ ॥
ਅੰਤੁ ਨ ਜਾਪੈ  ਕਿਆ ਮਨਿ ਮੰਤੁ ॥

**Your end can’t be found by seeing or listening, nor know what’s in Your Mind.**

ann’t na, vey’khan; suNaN, na ann’t.
ann’t na jaa’pai; k’yaa man mann’t.

ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥

**No one can know the end of Your created universe or what is beyond it.**

ann'<u>t</u> na jaa'pai; kee'<u>t</u>aa aa'kaar.
ann'<u>t</u> na jaa'pai; paa'raa-vaar.

ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥

**To find the end many struggle. But no one can reach the end.**

ann’t kaa’raN; key’tey bil-laa’eh.
taa key ann’t; na paa’ey jaa’eh.

ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥

**No one can know these limits. The more one speaks about it, the more is to be said.**

ey'hu ann't; na jaa'Nai ko'e.
bahu'taa kehee'yai; bahu'taa ho'e.

ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥

**You're the Great Master, High is Your Place.**
**Highest of the High, above all is Your Name.**

vad'aa saa'hib; oo'chaa thaa'o.
oo'chey uppar; oo'chaa naa'o.

ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥

**Only one is as Great & High as You can truly know how Great and High You are.**

ey'vad oo'chaa; ho'vai ko'e.
tis oo'chey kou; jaa'Nai so'e.

ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥੨੪॥

**Only You know how great You are. Guru Ji says: All gifts are Your blessings.||24||**

jey'vad aap; jaa'Nai aap aap.
naa'nak, nad're; kar'mee daat.

ਬਹੁਤਾ ਕਰਮੁ ਲਿਖਿਆ ਨਾ ਜਾਇ ॥
ਵਡਾ ਦਾਤਾ ਤਿਲੁ ਨ ਤਮਾਇ ॥

**Many of blessings aren't noted for us to pay back. The Great-Giver has no greed.**

bahu'taa karam; likh'yaa naa jaa'e.
vad'daa daa'taa; til na tamaa'e.

ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥

**Many warriors despite their strength beg from You & many more beg, beyond count.**

key'tey mann'geh; joDh a'paar.
key'tiyaa gaNat; nehee vee'chaar.

ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥

**Many receive but waste themselves to badness & many take but deny receiving.**

key'tey; khap tutt'eh vey'kaar.
key'tey; lai lai mukkar paa'eh.

ਕੇਤੇ ਮੂਰਖ ਖਾਹੀ ਖਾਹਿ ॥

Many fools carry using Your gifts.

key'tey moo'rakh; khaa'hee khaa'eh.

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

**Many pains & hungers trouble us. But O Great-Giver! Even these become Your gifts!**

key'tiyaa; dookh, bhookh, sad maar.
ey'eh bhe daat tey'ree; daa'taar.

ਬੰਦਿ ਖਲਾਸੀ ਭਾਣੈ ਹੋਇ ॥
ਹੋਰੁ ਆਖਿ ਨ ਸਕੈ ਕੋਇ ॥

**One is freed from suffering by accepting Your special plan, despite what others say!**

bann'd khalaasee; bhaa'Nai ho'e.
hor; aa'kh na sakk'ai ko'e.

ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥

**If a fool tries to say different, they'll face embarrassment knowing the Truth.**

jey ko khaa'ek; aa'khaN paa'e.
oh'hu jaa'Nai; jey-tee'yaa mu'eh khaa'e.

ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥

**You know the needs of all & provide for all Yourself. But few people acknowledge this.**

aa'pey jaa'Nai; aa'pey dey'e.
aakh'eh; se bhe key'ee key'e.

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

**Guru Ji says: One who is blessed to sing Your praises is the king of kings. ||25||**

jis no bakh'shey; sifat saa'laah.
naa'nak; paat-shaa'hee paat'shaah.

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥

**Priceless are Your virtues, dealings, those who trade with You & Your Treasures.**

a'mull guN; a'mull vaa'paar.
a'mull vaa-paaree'ey; a'mull bhann'daar.

ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥

**Priceless is coming to You, taking from You, loving You & merging in You.**

a'mull aa'veh; a'mull lai jaa'eh.
a'mull bhaa'e; a'mullaa samaa'eh.

ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥

**Priceless is Your law & court, and the scales & weights You measure justice for all.**

a'mull Dharam; a'mull dee'baaN.
a'mull tul; a'mull par'vaaN.

ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥

**Priceless is Your blessings & its signs, and Your kindness & decision.**

a'mull bakh'sheesh; a'mull nee'shaaN.
a'mull karam; a'mull fur'maaN.

ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥

**You're truly priceless, beyond description!**
**But speaking one is absorbed in Your love.**

a'mullo a'mull; aa'khiyaa na jaa'e.
aakh aakh; reh'ey liv laa'e.

ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥

**Readers & lecturers of the *Vedas* & *Puraans* speak of Your Power being supreme.**

aakh'eh vey'd; paatth pu'raaN.
aa'kheh; paR'ey kar'eh vakh'yaaN.

ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥

**Many *Brahmas, Indras, Gopis* & *Krishnas* speak of Your Power being supreme.**

aakh'eh bar'mey; aakh'eh inn'd.
aakh'eh go'pee; tai go-vinn'd.

ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥

**Many *Shivas*, Yogis & people You’ve made wise speak of Your Power being supreme.**

aakh’eh ee’shar; aakh’eh siDh.
aakh’eh; key’tey kee’tey buDh.

ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥

**Many monster-like & god-like people, the holy & the humble, speak of Your Power.**

aakh'eh daa'nav; aakh'eh dey'v.
aakh'eh, sur nar; mun jan sey'v.

ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

**Many speak & leave this world praising Your Ultimate Power over and again.**

key'tey aakh'eh; aa'khaN paa'eh.
key'tey keh keh; utth utth jaa'eh.

ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥

**If You created even more creation, even then, no one could describe Your Power.**

ey'tey kee'tey; hor karey'eh.
taa, aakh na sak'eh; key'ee key'ey.

ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥

**You are as Great as You wish to be. Guru Ji says: O True One, You alone know.**

jey'vad bhaa'vai; tey'vad ho'e.
naa'nak, jaa'Nai; saa'chaa so'e.

ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

**If someone presumes to describe You, they will be in the list of the greatest fools! ||26||**

jey ko aa'khai; bol'vigaaR.
taa likhee'yai; sir gaa-vaa'raa gaa'vaar.

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥

**The world & the special House where you sit to take care of everyone are so amazing!**

so dar key'haa, so ghar key'haa;
jit beh, sarab samaa'ley.

ਵਾਜੇ ਨਾਦ ਅਨੇਕ ਅਸੰਖਾ
ਕੇਤੇ ਵਾਵਣਹਾਰੇ ॥

**Endless beautiful music comes from You that is played by so many musicians.**

vaa'jey naad, a-ney'k a-sann'khaa;
key'tey vaa'vaN'haarey.

ਕੇਤੇ ਰਾਗ ਪਰੀ ਸਿਉ ਕਹੀਅਨਿ
ਕੇਤੇ ਗਾਵਣਹਾਰੇ ॥

**Countless musicians use countless musical tunes to sing of You.**

key'tey, raag paree si'o kehee'an;
key'tey gaavaN'haarey.

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ ॥

**Wind, water, fire, & the special Judge who stands at Your Door, all sing Your tune.**

gaa'veh tuh'no, pouN paa'Nee bai'santar;
gaa'vai raa'jaa-Dharam du'aarey.

# ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
# ਲਿਖਿ ਲਿਖਿ ਧਰਮੁ ਵੀਚਾਰੇ ॥

**The powers that record what we do good & bad for judgment sing Your tune.**

gaa’veh chit gupat, likh jaa’Neh;
likh likh, Dharam vee’chaarey.

ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ ॥

**Forces made by You with the roles to destroy, create & others, sing Your tune.**

gaa'veh ee'shar, bar'maa dey'vee;
so'han sadaa savaa'rey.

ਗਾਵਹਿ ਇੰਦ ਇਦਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥

**The forces appointed to work the skies along with other powers sing Your tune.**

gaa'veh inn'd, inn'daasaN bai'tthey;
dey'v-tiyaa dar naa'ley.

ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ ॥

**Miracle-workers sitting in meditation & saints in deep-thinking sing Your tune.**

gaa'veh siDh, samaa'Dhee ann'dar;
gaa'van saaDh ve'chaarey.

ਗਾਵਨਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ ॥

**People who are disciplined, givers, satisfied & brave warriors sing Your tune.**

gaa'van jatee, sat'ee, sann'tokhee;
gaa'veh veer karaa'rey.

ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ ॥

**The learned, wise saints & the readers of the Vedas throughout time sing Your tune.**

gaa’van pann’dit, paRan rakhee’shar;
jug jug vey’daa naa’ley.

ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛ ਪਇਆਲੇ ॥

**Lovely sights of up above, the earth & down below that can trick us, sing Your tune.**

gaa’veh mohaNee’aa, man mohan;
sur’gaa machh pey’aaley.

ਗਾਵਨਿ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ ॥

**Your created precious saints along with places blessed by them sing Your tune.**

gaa'van ratan, u-paa'ey tey'rey;
atth'satth tee'rath naa'ley.

ਗਾਵਹਿ ਜੋਧ ਮਹਾਬਲ ਸੂਰਾ
ਗਾਵਹਿ ਖਾਣੀ ਚਾਰੇ ॥

**Brave mighty warriors & the four different ways life can be created, sing Your tune.**

gaa'veh joDh, mahaa'bal soo'raa,
gaa'veh khaa'Nee chaa'rey.

ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ ॥

**Your created planets, solar systems & galaxies that You manage sing Your tune.**

gaa'veh khann'd mann'dal var-bhann'daa;
kar kar rakhey Dhaa'rey.

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥

**Whom You are pleased with sing Your tune & are filled with Your love.**

sey'ee tuDh'no gaa'veh, jo tuDh bhaavan;
ratey tey'rey bhagat rasaaley.

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥

**So many others we are not aware of sing Your tune. How can I think about them all?**

hor key'tey gaa'van, sey mai chit na aa'van; naa'nak, k'yaa vee'chaarey.

ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ ॥

**You are forever truly in control & Your true praises exist forever.**

so'ee so'ee, sa<u>d</u>aa sa<u>ch</u> saa'hib;
saa'<u>ch</u>aa, saa'<u>ch</u>ee naa'ee.

ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥

**You are the Creator of the creation who exists now & always; never leaving us.**

hai bhee ho'see, jaa'e na jaa'see;
rach'naa jin rachaa'ee.

# ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥

**You created the world-play with different kinds of species of different colours.**

rann'gee rann'gee bhaa$^{n}$'tee, kar kar jin'see; maa'yaa jin u-paa'ee.

# ਕਰਿ ਕਰਿ ਵੇਖੈ ਕੀਤਾ ਆਪਣਾ
# ਜਿਵ ਤਿਸ ਦੀ ਵਡਿਆਈ ॥

**What makes You great is that You watch over the creation that You created.**

kar kar vey'khai, kee'taa aap'Naa;
jiv tis dee vad-yaa'ee.

ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ ॥

**You do whatever You know is best, and no one can give You orders.**

jo tis bhaa'vai, so'ee kar'see;
hukam, na kar'Naa jaa'ee.

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥੨੭॥

**Vaheguru! You are the King of all kings & Guru Nanak Ji lovingly follows You. ||1||**

so paat'shaah, shaa'haa paat'saahib;
naa'nak, rehaN razaa'ee.

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥

**Replace earrings, begging-bowl & burnt ashes for contentment, effort & meditation.**

munn'daa sann'tokh, saram pat jho'lee;
Dhiyaan kee, kar'eh be'bhoot.

ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ ॥

**The true cloak & stick is thinking of death to keep the body pure & being guided by faith.**

khinn'taa, kaal ku'aaree kaa'yaa;
jugat dann'daa par'teet.

ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ ॥

**The best Path is to see all as fellow pupils & to win the world by winning one’s mind.**

aa’ee$^{n}$ pann’thee, sagal ja’maatee;
man jee’tai, jag jeet.

ਆਦੇਸੁ ਤਿਸੈ ਆਦੇਸੁ ॥

**I bow before You alone:**

aa-dey’s; t̲is’ai aa-dey’s.

ਆਦਿ ਅਨੀਲੁ ਅਨਾਦਿ ਅਨਾਹਤਿ

ਜੁਗੁ ਜੁਗੁ ਏਕੋ ਵੇਸੁ ॥੨੮॥

**The Pure Source of all, who has no start, is unbreakable & is always the same. ||28||**

aad a'neel, a'naad a-naa'hat;

jug jug ey'ko vey's.

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥

**Wisdom is food, compassion is the giver, &**
**Your music playing in all calls us to share.**

bhugat giyaan, dayaa bhann'daa-raN;
ghaT ghaT vaa'jeh naad.

ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥

**You are the controller who pulls the strings of all; getting special powers isn’t our goal.**

aap naa<u>th</u>, naa’<u>th</u>ee sa<u>bh</u> jaa kee;
ri<u>Dh</u> si<u>Dh</u> av’raa saa<u>d</u>.

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ॥

**Being united or separated is Vaheguru's Play; we get that which is written by actions.**

sann'jog ve'jog du'e, kaar chalaa'veh;
ley'khey aa'veh bhaag.

ਆਦੇਸੁ ਤਿਸੈ ਆਦੇਸੁ ॥

**I bow before You alone:**

aa-dey’s; tis’ai aa-dey’s.

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੨੯॥

**The Pure Source of all, who has no start, is unbreakable & is always the same. ||29||**

aad a'neel, a'naad a-naa'hat;
jug jug ey'ko vey's.

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥

**You are the One who made servants of Nature through the great World-Play.**

ey'kaa maa'ee, jugat ve-yaa'ee;
tin chey'ley par'vaaN.

ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥

**They include the creative force, providing force & destructive force of giving justice.**

ikk sann'saaree, ikk bhann'daaree;
ikk laa'ey dee'baaN.

ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥

**It is You who works through them all in accordance with Your wish & command.**

jiv tis bhaa'vai, tiv'ai chalaa'vai;
jiv ho'vai fur'maaN.

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

**How amazing it is that no one sees You, but You watch over everyone.**

oh'hu vey'khai, oh'naa nadar na aa'vai; bahu'taa ey'hu ve'daaN.

ਆਦੇਸੁ ਤਿਸੈ ਆਦੇਸੁ ॥

**I bow before You alone:**

aa-dey's; tis'ai aa-dey's.

ਆਦਿ ਅਨੀਲੁ  ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੩੦॥

**The Pure Source of all, who has no start, is unbreakable & is always the same. ||30||**

aad a'neel, a'naad a-naa'hat;
jug jug ey'ko vey's.

ਆਸਣੁ ਲੋਇ ਲੋਇ ਭੰਡਾਰ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥

**You've placed storehouses in all world that provide for all & needed filling just once.**

aa'saN lo'e lo'e; bhann'daar.
jo kishh paa'yaa; su ey'kaa vaar.

ਕਰਿ ਕਰਿ ਵੇਖੈ ਸਿਰਜਣਹਾਰੁ ॥
ਨਾਨਕ ਸਚੇ ਕੀ ਸਾਚੀ ਕਾਰ ॥

**Having created life, You watch over it. Guru Ji says: O True One, Your work is truly real.**

kar kar vey'khai; sir'jaN-haar.
naa'nak, sa<u>ch</u>ey kee; saa'chee kaar.

ਆਦੇਸੁ ਤਿਸੈ ਆਦੇਸੁ ॥

**I bow before You alone:**

aa-dey’s; tis’ai aa-dey’s.

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੩੧॥

**The Pure Source of all, who has no start, is unbreakable & is always the same. ||31||**

aad a'neel, a'naad a-naa'hat;
jug jug ey'ko vey's.

ਇਕ ਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ॥

**If one tongue could become 100,000 tongues, multiplied twenty times more.**

ikk doo jee'bhon, lakh ho'eh;
lakh hov'eh lakh vees.

ਲਖੁ ਲਖੁ ਗੇੜਾ ਆਖੀਅਹਿ
ਏਕੁ ਨਾਮੁ ਜਗਦੀਸ ॥

**Vaheguru! May I use them to chant Your Name hundreds & thousands of time.**

lakh lakh gey'Raa aa-khee'eh;
ey'k naam jag'deesh.

ਏਤੁ ਰਾਹਿ ਪਤਿ ਪਵੜੀਆ
ਚੜੀਐ ਹੋਇ ਇਕੀਸ ॥

**This path has respect-giving steps,
climbing which one's soul becomes united.**

ey't raa'eh pat pav-Ree'yaa$^{n}$;
chaRee'yai ho'e e'keesh.

ਸੁਣਿ ਗਲਾ ਆਕਾਸ ਕੀ
ਕੀਟਾ ਆਈ ਰੀਸ ॥

**Hearing about this beyond this world talk,
even the lowly people want to follow.**

suN gallaa$^{n}$ aa’kaash kee;
kee’ttaa aa’ee$^{n}$ rees.

ਨਾਨਕ ਨਦਰੀ ਪਾਈਐ
ਕੂੜੀ ਕੂੜੈ ਠੀਸ ॥੩੨॥

**Guru Ji says: Fake people boast, but union is only possible with Your blessings. ||32||**

naa'nak, nad'ree paaee'yai;
koo'Ree, koo'Rai tthees.

ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥

**The power to speak, be quiet, beg or to give is not our own power.**

aa’khaN jor; chup’ai, neh jor.
jor na, mann’gaN; dey’N, na jor.

ਜੋਰੁ ਨ ਜੀਵਣਿ    ਮਰਣਿ ਨਹ ਜੋਰੁ ॥
ਜੋਰੁ ਨ ਰਾਜਿ ਮਾਲਿ    ਮਨਿ ਸੋਰੁ ॥

**The power to live, die, or not get distracted by power & wealth is not own power.**

jor na, jee'vaN; maraN neh jor.
jor na, raaj maal; man shor.

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥

**The power of the mind, wisdom & way to be free from distractions is not our own.**

jor na, sur'tee; giyaan vee'chaar.
jor na, jug'tee; chhutt'ai sann'saar.

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥੩੩॥

**The One with the Power watches all. No one is good or bad because of personal ability. ||33||**

jis hath jor; kar vey'khai so'e.
naa'nak; u'tam neech na ko'e.

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥

**You've made nights, seasons, days, wind, water, fire & regions below.**

raa'tee$^{n}$ rut'ee$^{m}$, thit'ee$^{n}$ vaar.
pavaN paa'Nee, ag'nee paa'taal.

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥

**Within this, the Earth was set up as a place of learning with different colours of species with countless names.**

tis vich; Dhar'tee thaap rakhee, Dharam'saal.
tis vich; jee[a] jugat key rann'g.
tin key naam; a-ney'k a-nann't.

ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥

**Our every action is judged. But, both You & Your Court are True and fair.**

kar'mee kar'mee; ho'e vee'chaar.
sachaa aap; sachaa dar'baar.

ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥

**There the accepted saints look beautiful & carry the mark of Your blessings.**

tith'ai so'han; pann'ch par'ʋaaN.
nad'ree karam; paʋ'ai nee'shaaN.

ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥੩੪॥

**Good & bad are judged there. Guru Ji says:
On arriving there, all will be known. ||34||**

ka<u>ch</u> pakaa'ee; oh'<u>th</u>ai paa'e.
naa'nak; gayaa$^n$ jaa'pai jaa'e.

ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥

**This is description of *Dharam Khand*. Now comes the narration of *Giaan Khand*.**

Dharam khann'd kaa; ey'ho Dharam.
giyaan khann'd kaa; aakh'hu karam.

ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ ॥

**Here, inner knowledge of many winds, waters, fires, *Krishnas* & destructive forces comes;**

key'tey pavaN, paa'Nee vai-sann'tar;
key'tey kaan mahey'sh.

ਕੇਤੇ ਬਰਮੇ ਘਾੜਤਿ ਘੜੀਅਹਿ
ਰੂਪ ਰੰਗ ਕੇ ਵੇਸ ॥

**many creative forces fashioning different kinds of forms, colours, & looks;**

key'tey bar'mey ghaa'Rat ghaRee'eh;
roop rann'g key vey's.

ਕੇਤੀਆ ਕਰਮ ਭੂਮੀ ਮੇਰ ਕੇਤੇ
ਕੇਤੇ ਧੂ ਉਪਦੇਸ ॥

**many worlds & mountains made for doing good, and saints like *Dhru* & his teachers;**

keytee'yaa karam bhoo'mee, mey'r key'tey;
key'tey Dhoo, up-dey's.

ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ ॥

**many forces of the skies, moons, suns, galaxies & lands;**

key'tey inn'd chann'd, soor key'tey;
key'tey mann'dal dey's.

ਕੇਤੇ ਸਿਧ ਬੁਧ ਨਾਥ ਕੇਤੇ
ਕੇਤੇ ਦੇਵੀ ਵੇਸ ॥

**many spiritual achievers, wise ones, Yogic masters & powers of different kinds;**

key'tey siDh buDh, naath key'tey;
key'tey dey'vee vey's.

ਕੇਤੇ ਦੇਵ ਦਾਨਵ ਮੁਨਿ ਕੇਤੇ
ਕੇਤੇ ਰਤਨ ਸਮੁੰਦ ॥

**Many positive forces, negative forces, sages, jewels and oceans;**

**key'tey dey'v daa'nav, mun key'tey;
key'tey ratan samunn'd.**

ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ ॥

**many ways of reproduction & communication, and lineages of rulers;**

key-tee'aa khaa'Nee, key-tee'aa baa'Nee;
key'tey paat narinn'd.

ਕੇਤੀਆ ਸੁਰਤੀ ਸੇਵਕ ਕੇਤੇ

ਨਾਨਕ ਅੰਤੁ ਨ ਅੰਤੁ ॥੩੫॥

**& many mindful beings & devotees. Guru Ji says: one accepts the creation as limitless! ||35||**

key-tee'aa sur'tee, sey'vak key'tey;

naa'nak, ann't na ann't.

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥

**In *Giaan Khand* one is blown away with knowledge & experiences sounds & wonder.**

giyaan khann'd meh; giyaan par-chann'd.
tith'ai naad binod; koh'd a-nann'd.

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

***Saram Khand*** **is based on beauty, where the mind is shaped like nothing else.**

saram khann'd kee; baa'Nee roop.
tith'ai ghaa'Rat ghaRee'yai; bahut a'noop.

ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥

**One cannot describe it with just talk. Even if one tried, they would regret attempting.**

taa kee’aa gal’laa[N]; kathee’aa naa jaa’eh.
jey ko keh’ai; pishh’ai pashhu-taa’e.

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

**One's focus, thinking, mind & wisdom are shaped to be godly & spiritually successful. ||36||**

tith'ai ghaRee'yai; surat, mat, man, buDh.
tith'ai ghaRee'yai; sur'aa siDh'aa kee suDh.

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥

***Karam Khand*** **is based on spiritual strength, where the spiritually strong exist.**

karam khann'd kee; baa'Nee jor.
tith'ai; hor na ko'ee hor.

ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥

**Here you find spiritual warriors & heroes with their hearts totally filled with You.**

tith'ai; joDh mahaa'bal soor.
tin meh; raam reh'yaa bhar'poor.

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥

**Here, minds are woven with Your Praises with beauty that is indescribable.**

tith'ai; see'to see'taa meh'maa maa'eh.
taa key roop; na kath'ney jaa'eh.

ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥

**Neither death nor deception comes to those within whose heart You live.**

naa oh'eh mar'eh; na tthaa'gey jaa'eh.
jin kai; raam vas'ai man maa'eh.

ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥

**Here devotees of many worlds dwell, who rejoice because You fill their heart.**

tith'ai bhagat vas'eh; key lo[a].
kar'eh a-nann'd; sachaa man so'e.

# ਸਚ ਖੰਡਿ ਵਸੈ ਨਿਰੰਕਾਰੁ ॥
# ਕਰਿ ਕਰਿ ਵੇਖੈ ਨਦਰਿ ਨਿਹਾਲ ॥

**In *Sach Khand* You exist, where You watch Your creation with joyful blessings.**

sach khann'd vas'ai nirunn'kaar.
kar kar vey'khai; nadar ne'haal.

ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥

**From there planets, galaxies and universes can be seen with no end its description.**

tith'ai khann'd mann'dal; var-bhann'd.
jey ko kath'ai; ta, ann't na ann't.

ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

**Here everything is seen as lights and acts in accordance with Your command.**

tith'ai lo$^{a}$ lo$^{a}$; aa'kaar.
jiv jiv hukam; tiv'ai tiv kaar.

ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥੩੭॥

**Here You reflect & rejoice watching the creation - to describe this is difficult. ||37||**

vey'khai vig'sai; kar vee'chaar.
naa'nak, kath'naa; kar'Raa saar.

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥

**Imagine self-control to be a oven, patience the goldsmith, intellect the anvil block, & wisdom the hammer.**

jat paa'haaraa; Dhee'raj sun'yaar.
ah'raN mat; vey'd hathee'yaar.

ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

**Imagine respect the blower to feed the fire of devotion & love the vessel that gives shape to true life.**

bhou khallaa; ag’gan tap taa’o.
bhaa$^{n}$’daa bhaa’o; amm’rit tith Dhaal.

ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥

**In this factory of Truth, may I work to shape my life. Those blessed obtain this task.**

ghaRee'yai shabad; sachee tak'saal.
jin kou nadar karam; tin kaar.

ਨਾਨਕ ਨਦਰੀ ਨਦਰਿ ਨਿਹਾਲ ॥੩੮॥

**Joy comes with Your look of kindness. ||38||**

naa'nak nad'ree; nadar ne'haal.

# ਸਲੋਕੁ ॥

**End Verse:**

salok.

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥

**As important as Guru, father & mother are for our existence, so are air, water & earth.**

pavaN gur'oo, paa'Nee pit'aa;
maa'taa Dharat mahat.

ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥

**Day & night are like nannies that play & put to sleep the whole world.**

divas raat du'e, daa'ee daa'yaa,
khey'lai sagal jagat.

ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥

**The good & bad we do is recorded & read before the special judge, *Dharam Raj*.**

chann'g-yaaee'aa$^{n}$ bur-yaaee'aa$^{n}$;
vaa'chai Dharam hadoor.

ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ॥

**Based on our actions, some get closer to You, whilst others become distanced.**

kar’mee aa’po aap’Nee;
key ney’Rai key door.

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥

**Those who pay attention to Your Sound & Name, make their hard efforts worthwhile.**

jin'nee, naam Dhe-yaa'yaa;
ge'ey mashak'kat ghaal.

ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥੧॥

**Guru Ji says: Their faces glow with glory & they also free others from falsehood! ||1||**

naa'nak, tey mukh uj'ley;
key'tee shhuT'ee naal.